**ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਸਿ), ਪੰਜਾਬ, ਸਅਸ ਨਗਰ**
**ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ (ਸੇਵਾਵਾਂ ਸ਼ਾਖਾ)**
**Email Id: dpiee.service@punjabeducation.gov.in**

ਵੱਲ:-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ/ਸੈਸਿ),
ਪੰਜਾਬ ਰਾਜ।

ਮੀਮੋ ਨੰ: ਈ-84946/DPIEE-SRVC010/1/2020-SERVICES-DPIEE/
ਮਿਤੀ: ਸਅਸ ਨਗਰ: **07/06/2023**

**ਵਿਸ਼ਾ:** **ਸਾਲ 2023-25 (02 ਸਾਲ) ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ।**

ਹਵਾਲਾ: ਵਿਭਾਗ ਦੇ ਮੀਮੋ ਨੰ; ਈ-84946/DPIEE-SRVC010/1/2020-SERVICES-DPIEE/1229-31 ਮਿਤੀ 05/05/2023 ਅਤੇ 12/05/2023 ਦੀ ਲਗਾਤਾਰਤਾ ਵਿੱਚ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਵਿਭਾਗ ਵੱਲੋਂ ਹਵਾਲਾ ਅਧੀਨ ਪੱਤਰ ਮਿਤੀ 05/05/2023 ਅਤੇ 12.05.2023 ਰਾਹੀਂ ਸਾਲ 2023-25 (02 ਸਾਲ) ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਬਹੁਤ ਸਾਰੇ ਜਿਲ੍ਹਿਆਂ ਤੋਂ ਰਿਪੋਰਟ ਪ੍ਰਾਪਤ ਹੋ ਰਹੀ ਹੈ ਕਿ ਚੇਅਰਮੈਨ ਅਤੇ ਸਪੈਸ਼ਲ ਇੰਨਵਾਈਟੀਜ਼ ਦੀ ਚੋਣ ਨੂੰ ਲੈ ਕੇ ਬਹੁਤ ਸਾਰਾ ਭੁਲੇਖਾ ਪਾਇਆ ਜਾ ਰਿਹਾ ਹੈ। ਵੱਖ ਵੱਖ ਜਿਲ੍ਹਿਆਂ ਵਲੋਂ ਚੇਅਰਮੈਂਨ, ਸ਼ੋਸ਼ਲ ਵਰਕਰ ਅਤੇ ਸਿੱਖਿਆ ਸਾਸ਼ਤਰੀ ਦੀ ਚੋਣ ਲਈ ਮਾਪਦੰਡਾਂ ਬਾਰੇ ਸ਼ੰਕਾ ਜਾਹਿਰ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਵਿਭਾਗ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

1.0 ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ ਦੇ ਗੈਰ ਸਰਕਾਰੀ ਮੈਂਬਰਾਂ ਵਿਚੋਂ ਹੋਣਗੇ। SMC ਦੇ ਨਵ ਨਿਯੁਕਤ ਮੈਂਬਰ ਵੋਟਿੰਗ ਵਿਧੀ ਰਾਹੀਂ ਸਕੂਲ ਮੈਨੇਜਮੈਂਟ ਕਮੇਟੀ ਦੇ ਗੈਰ ਸਰਕਾਰੀ ਮੈਂਬਰਾਂ ਵਿਚੋਂ 01 ਚੇਅਰਮੈਨ ਅਤੇ 01 ਵਾਈਸ ਚੇਅਰਮੈਂਨ ਦੀ ਚੋਣ ਕਰਨਗੇ, ਪ੍ਰੰਤੂ ਨਵੇਂ ਸਾਮਿਲ ਕੀਤੇ ਗਏ ਮੈਂਬਰ ਸ਼ੋਸ਼ਲ ਵਰਕਰ ਅਤੇ ਸਿੱਖਿਆ ਸਾਸ਼ਤਰੀ ਅਤੇ ਸਕੂਲ ਮੁੱਖੀ ਨੂੰ ਵੋਟਿੰਗ ਦਾ ਅਧਿਕਾਰ ਨਹੀਂ ਹੋਵੇਗਾ ਅਤੇ

2.0 ਜਿਹੜੇ ਸਕੂਲ ਸਿੰਗਲ ਟੀਚਰ ਸਕੂਲ ਹਨ, ਉਨ੍ਹਾਂ ਸਕੂਲਾਂ ਵਿੱਚ, ਸਰਕਾਰੀ ਸੇਵਾ ਵਿੱਚ ਪੱਕੇ ਤੌਰ ਤੇ ਤੈਨਾਤ ਅਧਿਆਪਕ "**ਅਧਿਆਪਕ ਮੈਂਬਰ**" ਅਤੇ ਸਕੂਲ ਮੈਨੇਜ਼ਮੈਂਟ ਕਮੇਟੀ ਦਾ "**ਐਕਸ ਆਫਿਸਓ ਮੈਂਬਰ ਸਕੱਤਰ ਅਤੇ ਕਨਵੀਨਰ**" ਵੀ ਹੋਵੇਗਾ, ਪ੍ਰੰਤੂ ਇਸ ਅਧਿਆਪਕ ਨੂੰ ਚੇਅਰਮੈਨ ਅਤੇ ਵਾਇਸ ਚੇਅਰਮੈਂਨ ਦੀ ਚੋਣ ਸਮੇਂ ਵੋਟਿੰਗ ਦਾ ਅਧਿਕਾਰ ਨਹੀਂ ਹੋਵੇਗਾ।

3.0 ਸ਼ੋਸ਼ਲ ਵਰਕਰ ਦੇ ਚੋਣ ਮਾਪਦੰਡ ਦੇ ਲੜੀ ਨੰ: 1 ਵਿੱਚ ਹੇਠ ਲਿਖੇ ਅਨੁਸਾਰ ਅੰਸ਼ਿਕ ਸੋਧ ਕੀਤੀ ਜਾਂਦੀ ਹੈ:-
*"ਉਹ ਵਿਅਕਤੀ ਜੋ ਕਿਸੇ NGO ਨਾਲ ਜੁੜਿਆ ਹੋਇਆ ਹੈ ਜਾਂ ਵਰਤਮਾਨ ਸਮੇਂ ਵਿੱਚ ਕਿਸੀ NGO ਅਧੀਨ ਕੰਮ ਕਰ ਰਿਹਾ ਹੈ* **ਜਾਂ** ਜਿਸ ਦੀ ਸਮਾਜ ਵਿੱਚ ਸਮਾਜਿਕ ਕਾਰਜਾਂ ਜਿਵੇਂ ਕਿ (ਸਿੱਖਿਆ, ਪਦਾਰਥਾਂ ਦੀ ਦੁਰਵਰਤੋਂ (Substance Abuse), ਲਿੰਗ ਸਮਾਨਤਾ (Gender Equality) ਅਤੇ ਬਾਲ ਭਲਾਈ ਵਿੱਚ ਸ਼ਮੂਲੀਅਤ ਹੈ।"

4.0 ਉਕਤ ਕਾਰਨਾਂ ਕਰਕੇ ਸਕੂਲ ਮੈਨੇਜ਼ਮੈਂਟ ਕਮੇਟੀਆਂ ਦਾ ਗਠਨ ਕਰਨ ਸਮੇਂ ਸਕੂਲਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੋਸ਼ਲ ਵਰਕਰ ਅਤੇ ਸਿੱਖਿਆ ਸਾਸ਼ਤਰੀ ਦੀ ਚੋਣ ਪ੍ਰੀਕ੍ਰਿਆ ਦੀ ਮਿਤੀ ਵਿੱਚ 15.06.2023 ਤੱਕ ਵਾਧਾ ਕੀਤਾ ਜਾਂਦਾ ਹੈ।

**ਡਾਇਰੈਕਟਰ ਸਕੂਲ ਐਜੂਕੇਸ਼ਨ**
**(ਐਲੀਮੈਂਟਰੀ), ਪੰਜਾਬ**

ਪਿੱਠ ਅੰਕਣ ਨੰ; ਉਕਤ 1346 ਮਿਤੀ: 07-06-23

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1) ਨਿਜੀ ਸਹਾਇਕ ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2) ਨਿਜੀ ਸਹਾਇਕ ਟੂ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
3) ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ।
4) ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
5) ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਸਅਸ ਨਗਰ।
6) ਸੁਪਰਡੰਟ, ਪੰਜਾਬ ਸਰਕਾਰ, ਸਿੱਖਿਆ ਵਿਭਾਗ, ਸਿੱਖਿਆ-7 ਸ਼ਾਖਾ।
7) ਨਿਜੀ ਸਹਾਇਕ ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
8) ਡੀ.ਐਮ., ਐਮ.ਆਈ.ਐਸ. ਵਿੰਗ, ਦ.ਡੀ.ਜੀ.ਐਸ.ਈ., ਪੰਜਾਬ, ਸਅਸ ਨਗਰ ਨੂੰ Website ਤੇ ਅਪਲੋਡ ਕਰਨ ਹਿੱਤ।

**ਡਾਇਰੈਕਟਰ ਸਕੂਲ ਐਜੂਕੇਸ਼ਨ**
**(ਐਲੀਮੈਂਟਰੀ), ਪੰਜਾਬ**